# Visit of Vice President of India to Gabon, Senegal and Qatar (May 30-June 07, 2022)

May 26, 2022

....................

## ਭਾਰਤੀ ਉਪ ਰਾਸ਼ਟਰਪਤੀ ਵੱਲੋਂ ਗੈਬਨ, ਸੇਨੇਗਲ ਅਤੇ ਕਤਰ ਦਾ ਦੌਰਾ (30 ਮਈ-7 ਜੂਨ, 2022)

**26 ਮਈ, 2022**

ਉਪ ਰਾਸ਼ਟਰਪਤੀ ਸ਼੍ਰੀ ਵੈਂਕਈਆ ਨਾਇਡੂ 30 ਮਈ-7 ਜੂਨ, 2022 ਤੱਕ ਗੈਬੋਨ, ਸੇਨੇਗਲ ਅਤੇ ਕਤਰ ਦਾ ਦੌਰਾ ਕਰਨਗੇ। ਉਨ੍ਹਾਂ ਨਾਲ ਉੱਚ-ਪੱਧਰੀ ਵਫ਼ਦ ਵੀ ਹੋਵੇਗਾ ਜਿਸ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਡਾ. ਭਾਰਤੀ ਪ੍ਰਵੀਨ ਪਵਾਰ ਅਤੇ ਸੰਸਦ ਦੇ ਤਿੰਨ ਮੈਂਬਰ ਸ਼੍ਰੀ ਸੁਸ਼ੀਲ ਕੁਮਾਰ ਮੋਦੀ (ਰਾਜ ਸਭਾ), ਸ਼੍ਰੀ ਵਿਜੇ ਪਾਲ ਸਿੰਘ ਤੋਮਰ (ਰਾਜ ਸਭਾ) ਅਤੇ ਸ਼੍ਰੀ ਪੀ. ਰਵਿੰਦਰਨਾਥ (ਲੋਕ ਸਭਾ) ਵੀ ਸ਼ਾਮਲ ਹੋਣਗੇ।

2. ਭਾਰਤ ਵੱਲੋਂ ਉਪ-ਰਾਸ਼ਟਰਪਤੀ ਪੱਧਰ 'ਤੇ ਤਿੰਨਾਂ ਦੇਸ਼ਾਂ ਦੀ ਇਹ ਪਹਿਲੀ ਯਾਤਰਾ ਹੋਵੇਗੀ। ਭਾਰਤ ਵੱਲੋਂ ਇਹ ਗੈਬਨ ਅਤੇ ਸੇਨੇਗਲ ਦੀ ਪਹਿਲੀ ਉੱਚ ਪੱਧਰੀ ਯਾਤਰਾ ਵੀ ਹੋਵੇਗੀ। ਗੈਬਨ ਅਤੇ ਸੇਨੇਗਲ ਦੇ ਦੌਰਿਆਂ ਨਾਲ ਅਫ਼ਰੀਕਾ ਨਾਲ ਭਾਰਤ ਦੇ ਸਬੰਧਾਂ ਨੂੰ ਰਫਤਾਰ ਮਿਲੇਗੀ ਅਤੇ ਅਫ਼ਰੀਕੀ ਮਹਾਂਦੀਪ ਲਈ ਭਾਰਤ ਦੀ ਵਚਨਬੱਧਤਾ ਸਪਸ਼ਟ ਹੋਵੇਗੀ। ਕਤਰ ਦੀ ਯਾਤਰਾ ਉਸ ਸਮੇਂ ਹੋ ਰਹੀ ਹੈ ਜਦੋਂ ਦੋਵੇਂ ਧਿਰਾਂ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੀਆਂ ਹਨ, ਜਿਸ ਨਾਲ ਦੁਵੱਲੇ ਸਬੰਧ ਹੋਰ ਅੱਗੇ ਵਧਣਗੇ। ਤਿੰਨਾਂ ਦੇਸ਼ਾਂ ਦੀ ਯਾਤਰਾ ਦੌਰਾਨ ਕਈ ਸਮਝੌਤਾ ਪੱਤਰਾਂ ਤੇ ਦਸਤਖ਼ਤ ਹੋਣ ਦੀ ਉਮੀਦ ਹੈ।

ਗੈਬਨ ਦੀ ਸਰਕਾਰੀ ਫੇਰੀ (30 ਮਈ-1 ਜੂਨ 2022)

3. ਉਪ ਰਾਸ਼ਟਰਪਤੀ 30 ਮਈ ਤੋਂ 1 ਜੂਨ, 2022 ਤੱਕ ਗੈਬਨ ਵਿੱਚ ਹੋਣਗੇ। ਇਸ ਫੇਰੀ ਦੌਰਾਨ ਉਹ ਗੈਬਨ ਦੇ ਪ੍ਰਧਾਨ ਮੰਤਰੀ ਮਹਾਮਾਹਿਮ ਸ਼੍ਰੀਮਤੀ ਰੋਜ਼ ਕ੍ਰਿਸਟੀਅਨ ਓਸੋਕਾ ਰਾਪੋਂਡਾ ਨਾਲ ਵਫ਼ਦ ਪੱਧਰੀ ਗੱਲਬਾਤ ਕਰਨਗੇ। ਉਪ ਰਾਸ਼ਟਰਪਤੀ ਗੈਬਨ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀਮਾਨ ਅਲੀ ਬੋਂਗੋ ਓਂਡਿੰਬਾ ਨਾਲ ਮੁਲਾਕਾਤ ਕਰਨਗੇ ਅਤੇ ਹੋਰ ਪਤਵੰਤਿਆਂ ਨੂੰ ਮਿਲਣਗੇ। ਉਹ ਗੈਬਨ ਵਿੱਚ ਵਪਾਰਕ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ ਅਤੇ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕਰਨਗੇ।

4. ਗੈਬਨ ਭਾਰਤ ਲਈ ਮਹੱਤਵਪੂਰਨ ਭਾਈਵਾਲ ਹੈ। ਭਾਰਤ ਅਤੇ ਗੈਬਨ ਦੋਵੇਂ ਇਸ ਸਮੇਂ UNSC ਦੇ ਗੈਰ-ਸਥਾਈ ਮੈਂਬਰਾਂ ਵਜੋਂ ਸੇਵਾ ਨਿਭਾਅ ਰਹੇ ਹਨ। 2021-22 ਵਿੱਚ ਦੋਨਾਂ ਦਾ ਦੁਵੱਲਾ ਵਪਾਰ 1.12 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਬਹੁਤ ਸਾਰੇ ਗੈਬੋਨੀ ਨਾਗਰਿਕ ਭਾਰਤੀ ਤਕਨੀਕੀ ਅਤੇ ਆਰਥਿਕ ਸਹਿਯੋਗ (ITEC) ਅਤੇ ICCR ਸਕੀਮਾਂ  ਤਹਿਤ ਭਾਰਤ ਦੇ ਵਜ਼ੀਫਾ / ਸਿਖਲਾਈ ਪ੍ਰੋਗਰਾਮਾਂ ਦਾ ਲਾਭ ਲੈਣਾ ਲੋਚਦੇ ਹਨ।

ਸੇਨੇਗਲ ਦੀ ਅਧਿਕਾਰਿਤ ਫੇਰੀ (1-3 ਜੂਨ 2022)

5. ਉਪ ਰਾਸ਼ਟਰਪਤੀ 1-3 ਜੂਨ, 2022 ਤੱਕ ਸੇਨੇਗਲ ਵਿੱਚ ਹੋਣਗੇ। ਇਸ ਦੌਰੇ ਦੌਰਾਨ ਉਹ ਸੇਨੇਗਲ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀਮਾਨ ਮੈਕੀ ਸੈਲਵਫ਼ਦ ਪੱਧਰ ਦੀ ਗੱਲਬਾਤ ਕਰਨਗੇ, ਉਪ ਰਾਸ਼ਟਰਪਤੀ ਨੈਸ਼ਨਲ

ਅਸੈਂਬਲੀ ਦੇ ਪ੍ਰਧਾਨ ਮਹਾਮਹਿਮ ਸ਼੍ਰੀਮਾਨ ਮੁਸਤਫਾ ਨਿਆਸੇ ਅਤੇ ਹੋਰ ਪਤਵੰਤੀਆਂ ਨਾਲ ਮੁਲਾਕਾਤ ਕਰਨੇਗ। ਉਹ ਵਪਾਰਕ ਗੋਲਮੇਜ਼ ਵਾਰਤਾਲਾਪ ਵਿੱਚ ਵੀ ਸ਼ਿਰਕਤ ਕਰਨਗੇ ਅਤੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਨਗੇ।

6. ਸੇਨੇਗਲ ਅਫਰੀਕਨ ਯੂਨੀਅਨ ਦਾ ਮੌਜੂਦਾ ਪ੍ਰਧਾਨ ਹੈ। ਭਾਰਤ-ਸੇਨੇਗਲ ਦਰਮਿਆਨ ਦੁਵੱਲਾ ਵਪਾਰ 2021-22 ਵਿੱਚ 1.65 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਭਾਰਤ ਨੇ ਵੱਖ-ਵੱਖ ਖੇਤਰਾਂ ਵਿੱਚ ਕੁੱਲ 16 ਕ੍ਰੈਡਿਟ ਲਾਈਨਾਂ ਰਾਹੀਂ 35 ਕਰੋੜ ਅਮਰੀਕੀ ਡਾਲਰ ਅਤੇ ਲਗਭਗ 30. 5 ਕਰੋੜ ਦੇ ਬਾਇਰ'ਜ਼ ਕ੍ਰੈਡਿਟ ਦਿੱਤਾ ਹੈ। ITEC ਦੇ ਤਹਿਤ ਭਾਰਤ ਦੇ ਸਮਰੱਥਾ ਨਿਰਮਾਣ ਸਿਖਲਾਈ ਪ੍ਰੋਗਰਾਮ ਸੇਨੇਗਲ ਵਿੱਚ ਮਕਬੂਲ ਹਨ। ਭਾਰਤ ਅਤੇ ਸੇਨੇਗਲ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 60ਵੀਂ ਵਰ੍ਹੇਗੰਢ ਮਨਾ ਰਹੇ ਹਨ।

ਕਤਰ ਦੀ ਸਰਕਾਰੀ ਫੇਰੀ (4-7 ਜੂਨ 2022)

7. ਉਪ-ਰਾਸ਼ਟਰਪਤੀ 4-7 ਜੂਨ 2022 ਤੱਕ ਕਤਰ ਵਿੱਚ ਹੋਣਗੇ। ਇਸ ਦੌਰੇ ਦੌਰਾਨ ਉਪ ਰਾਸ਼ਟਰਪਤੀ ਕਤਰ ਦੇ ਉਪ ਅਮੀਰ ਮਹਾਮਹਿਮ ਸ਼ੇਖ ਅਬਦੁੱਲਾ ਬਿਨ ਹਮਦ ਅਲ ਥਾਨੀ ਨਾਲ ਵਫ਼ਦ ਪੱਧਰੀ ਗੱਲਬਾਤ ਕਰਨਗੇ ਅਤੇ ਦੁਵੱਲੇ ਸਹਿਯੋਗ ਦੀ ਸਮੀਖਿਆ ਕਰਨਗੇ। ਇਸ ਦੌਰੇ ਦੌਰਾਨ ਉਪ ਰਾਸ਼ਟਰਪਤੀ ਕਈ ਹੋਰ ਕਤਰੀ ਨਾਗਰਿਕਾਂ ਨਾਲ ਮੁਲਾਕਾਤ ਕਰਨਗੇ। ਉਹ ਕਤਰ ਵਿੱਚ ਵਪਾਰਕ ਗੋਲਮੇਜ਼ ਵਾਰਤਾਲਾਪ ਨੂੰ ਵੀ ਸੰਬੋਧਨ ਕਰਨਗੇ। ਉਪ ਰਾਸ਼ਟਰਪਤੀ ਦੇ ਦੌਰੇ ਦੇ ਮੌਕੇ 'ਤੇ ਸਮੁਦਾਇਕ ਰਿਸੈਪਸ਼ਨ ਕੀਤੀ ਜਾਵੇਗੀ, ਜਿਸ ਦੌਰਾਨ ਉਹ ਕਤਰ ਵਿੱਚ ਵਨ ਸੁਵੰਨੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਨਗੇ।

8. ਲੋਕ ਪੱਧਰੀ ਸੰਪਰਕ ਭਾਰਤ ਅਤੇ ਕਤਰ ਦੇ ਇਤਿਹਾਸਕ ਸਬੰਧਾਂ ਦਾ ਕੇਂਦਰੀ ਪੱਖ ਹਨ, ਕਤਰ ਵਿੱਚ 750,000 ਤੋਂ ਵੱਧ ਭਾਰਤੀ ਰਹਿ ਰਹੇ ਹਨ। ਦੋਹਾਂ ਪੱਖਾਂ ਵਿਚਕਾਰ ਬਹੁਪੱਖੀ ਸਹਿਯੋਗ ਦੇ ਮਾਮਲੇ 'ਚ ਆਰਥਿਕ, ਊਰਜਾ, ਨਿਵੇਸ਼, ਸਿੱਖਿਆ, ਰੱਖਿਆ ਅਤੇ ਸੱਭਿਆਚਾਰਕ ਸਬੰਧਾਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਵਿੱਤੀ ਸਾਲ 2021-22 ਵਿੱਚ ਦੁਵੱਲਾ ਵਪਾਰ 15 ਅਰਬ ਅਮਰੀਕੀ ਡਾਲਰ ਦਾ ਅੰਕੜਾ ਪਾਰ ਕਰ ਗਿਆ। ਕਤਰ ਨੇ ਪਿਛਲੇ ਦੋ ਸਾਲਾਂ ਵਿੱਚ ਵੱਖ-ਵੱਖ ਭਾਰਤੀ ਕੰਪਨੀਆਂ ਵਿੱਚ 2 ਅਰਬ ਅਮਰੀਕੀ ਡਾਲਰ ਤੋਂ ਵੱਧ ਦਾ ਨਿਵੇਸ਼ ਕਰਨ ਦਾ ਅਹਿਦ ਕੀਤਾ ਹੈ।

ਨਵੀਂ ਦਿੱਲੀ
26 ਮਈ, 2022

DISCLAIMER: This is an approximate translation. The original is available in English on MEA's website and may be referred to as the official press release.